BRAMPTON

**Media Release**

ਤੁਰੰਤ ਰਿਲੀਜ ਲਈ

## ਸਿਟੀ ਆਫ ਬ੍ਰੈਂਪਟਨ ਜੂਨ ਵਿੱਚ, ਕੋਵਿਡ-19 ਦੇ ਦੌਰਾਨ ਆਪਣੇ ਵਿਵਿਧ ਭਾਈਚਾਰੇ ਦਾ ਜਸ਼ਨ ਮਨਾਉਣਾ ਜਾਰੀ ਰੱਖੇਗੀ

ਬ੍ਰੈਂਪਟਨ, ਓਨਟੈਰੀਓ (1 ਜੂਨ, 2020) – ਸਿਟੀ ਆਫ ਬ੍ਰੈਂਪਟਨ, ਔਨਲਾਈਨ ਹੈਰੀਟੇਜ ਮੰਥਸ ਦਾ ਜਸ਼ਨ ਮਨਾ ਕੇ ਕੋਵਿਡ-19 (COVID-19) ਦੇ ਅਸਰਾਂ ਨੂੰ ਅਨੁਕੂਲ ਬਣਾ ਰਹੀ ਹੈ। ਇਹਨਾਂ ਵਿੱਚ ਸ਼ਾਮਲ ਹਨ, ਜੂਨ ਦੇ ਹੈਰੀਟੇਜ ਮੰਥਸ (Heritage Months) ਅਤੇ 21 ਜੂਨ ਨੂੰ ਨੈਸ਼ਨਲ ਇੰਡੀਜੀਨਸ ਪੀਪਲਸ ਡੇ (National Indigenous People's Day)।

**ਜੂਨ ਹੈਰੀਟੇਜ ਮੰਥਸ**

ਜੂਨ ਵਿੱਚ ਬ੍ਰੈਂਪਟਨ, ਫਿਲੀਪੀਨੋ ਹੈਰੀਟੇਜ ਮੰਥ (Filipino Heritage Month), ਇਟੈਲੀਅਨ ਹੈਰੀਟੇਜ ਮੰਥ (Italian Heritage Month) ਅਤੇ ਪੁਰਤਗੀਜ ਹੈਰੀਟੇਜ ਮੰਥ (Portuguese Heritage Month) ਮਨਾਉਂਦਾ ਹੈ। ਇਸ ਸਾਲ, ਮੇਅਰ ਪੈਟਰਿਕ ਬ੍ਰਾਊਨ ਅਤੇ ਕਾਉਂਸਲਰ, ਖਾਸ ਵੀਡੀਓ ਸੁਨੇਹਿਆਂ ਦੇ ਨਾਲ, ਇਹਨਾਂ ਭਾਈਚਾਰਿਆਂ ਵਿੱਚੋਂ ਹਰੇਕ ਦਾ ਸਨਮਾਨ ਕਰਨਗੇ। ਵੀਡੀਓ ਪੂਰਾ ਮਹੀਨਾ, ਸਿਟੀ ਦੇ ਯੂਟਿਊਬ (YouTube) ਅਤੇ ਸੋਸ਼ਲ ਮੀਡੀਆ ਚੈਨਲਾਂ ਤੇ ਉਪਲਬਧ ਹੋਣਗੇ।

2019 ਵਿੱਚ, ਸਿਟੀ ਨੇ ਬ੍ਰੈਂਪਟਨ ਦੀ ਵਿਵਿਧਤਾ ਦਾ ਸਨਮਾਨ ਕਰਨ ਲਈ, ਭਾਈਚਾਰਕ ਪਛਾਣ ਪ੍ਰੋਗਰਾਮ (Community Recognition Program) ਸ਼ੁਰੂ ਕੀਤਾ ਸੀ। ਕਿਉਂਕਿ ਇਸ ਸਾਲ ਵਿਅਕਤੀਗਤ ਜਸ਼ਨ ਸੰਭਵ ਨਹੀਂ ਹਨ, ਇਸਲਈ ਸਿਟੀ ਹਰ ਕਿਸੇ ਨੂੰ ਸਲਾਹ ਦਿੰਦੀ ਹੈ ਕਿ ਉਹ ਬ੍ਰੈਂਪਟਨ ਦੇ ਮੋਜ਼ੈਕ (Brampton's Mosaic) ਭਾਈਚਾਰੇ ਦਾ ਜਸ਼ਨ ਮਨਾਉਣ ਅਤੇ ਉਸ ਬਾਰੇ ਜਾਣਨ ਦੇ ਇਸ ਮੌਕੇ ਦਾ ਲਾਭ ਉਠਾਉਣ।

**ਔਨਲਾਈਨ – ਨੈਸ਼ਨਲ ਇੰਡੀਜੀਨਸ ਪੀਪਲਸ ਡੇ ਮਨਾਓ!**

21 ਜੂਨ ਨੂੰ, ਬ੍ਰੈਂਪਟਨ ਦੇ ਨੈਸ਼ਨਲ ਇੰਡੀਜੀਨਸ ਪੀਪਲਸ ਡੇ ਦੇ ਔਨਲਾਈਨ ਜਸ਼ਨਾਂ ਨਾਲ ਜੁੜੋ। ਤੁਸੀਂ ਬੱਚਿਆਂ ਦੀਆਂ ਗਤੀਵਿਧੀਆਂ, ਪਰੰਪਰਿਕ ਵਿਅੰਜਨ ਪਕਾਉਣ ਵਿੱਚ ਹਿੱਸਾ ਲੈ ਸਕਦੇ ਹੋ ਅਤੇ ਵੀਡੀਓ ਦੇਖ ਸਕਦੇ ਹੋ। ਇਹਨਾਂ ਵਿੱਚ ਸ਼ਾਮਲ ਹਨ: ਸ਼ੁਰੂਆਤ ਵਿੱਚ ਪ੍ਰਾਰਥਨਾ, ਮੇਅਰ ਬ੍ਰਾਊਨ ਵੱਲੋਂ ਸੁਨੇਹੇ, ਇੰਡੀਜੀਨਸ ਵਿਦਵਾਨ, ਜੇਸੀ ਥਿਸਲ (Jesse Thistle) ਵੱਲੋਂ ਪੇਸ਼ਕਾਰੀ, ਪਰੰਪਰਿਕ ਪ੍ਰਦਰਸ਼ਨ, ਟਵਿਨ ਫਲੇਮਸ (Twin Flames) ਬੈਂਡ ਵੱਲੋਂ ਸੰਗੀਤ ਅਤੇ ਜਸ਼ਨ ਦੀ ਆਖ਼ਰੀ ਪ੍ਰਾਰਥਨਾ। ਇਹ ਡਿਜੀਟਲ ਕਾਰਜਕਰਮ, ਦ ਇੰਡੀਜੀਨਸ ਨੈੱਟਵਰਕ (The Indigenous Network) ਦੇ ਨਾਲ ਭਾਈਵਾਲੀ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ।

ਜਸ਼ਨ, ਔਨਲਾਈਨ www.brampton.ca/NIPD ਤੇ ਉਪਲਬਧ ਹੋਵੇਗਾ।

ਸਿਟੀ ਆਫ ਬ੍ਰੈਂਪਟਨ ਅਤੇ ਪੀਲ ਪ੍ਰਾਈਡ (Peel Pride), ਜੁਲਾਈ ਵਿੱਚ ਪ੍ਰਾਈਡ (Pride) ਨੂੰ ਸਨਮਾਨਿਤ ਕਰਨਗੇ। ਇਸ ਜਸ਼ਨ ਦੇ ਵੇਰਵੇ, ਆਉਣ ਵਾਲੇ ਹਫ਼ਤਿਆਂ ਵਿੱਚ ਰਿਲੀਜ ਕੀਤੇ ਜਾਣਗੇ।

**ਹਵਾਲੇ**

"ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਹੋਰਾਂ ਸੱਭਿਆਚਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ ਅਤੇ ਕਈ ਭਾਈਚਾਰਿਆਂ ਨੂੰ ਜਾਣੋ, ਜਿਹਨਾਂ ਤੋਂ ਸਾਡਾ ਵਿਵਿਧ ਸ਼ਹਿਰ ਬਣਦਾ ਹੈ। ਹਾਲਾਂਕਿ ਅਸੀਂ ਇਸ ਸਾਲ ਵਿਅਕਤੀਗਤ ਜਸ਼ਨਾਂ ਦਾ ਆਯੋਜਨ ਨਹੀਂ ਕਰ ਰਹੇ ਹਾਂ, ਇਸਲਈ ਸਾਡੇ ਵੱਲੋਂ ਔਨਲਾਈਨ ਉਪਲਬਧ ਕਰਵਾਏ ਜਾਣ ਵਾਲੇ ਜਸ਼ਨਾਂ ਦੇ ਨਾਲ, ਬ੍ਰੈਂਪਟਨ ਦੀ ਵਿਵਿਧਤਾ ਦੇਖੋ ਅਤੇ ਸਰੀਰਕ ਦੂਰੀ ਕਾਇਮ ਰੱਖਣ ਨੂੰ ਯਕੀਨੀ ਬਣਾਓ!"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਸਮਝਦੀ ਹੈ ਕਿ ਸਾਡੀ ਵਿਵਿਧਤਾ, ਸਾਡੀਆਂ ਸਭ ਤੋਂ ਵੱਡੀਆਂ ਤਾਕਤਾਂ ਵਿੱਚੋਂ ਇੱਕ ਹੈ। ਸਿਟੀ ਦੇ ਤੌਰ ਤੇ, ਸਾਡੇ ਵੱਲੋਂ ਕੀਤੇ ਜਾਣ ਵਾਲੇ ਹਰ ਕੰਮ ਵਿੱਚ ਲੋਕਾਂ ਦਾ ਪਹਿਲਾਂ ਧਿਆਨ ਰੱਖਿਆ ਜਾਂਦਾ ਹੈ। ਇਸ ਵਿੱਚ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਅਸੀਂ ਲਗਾਤਾਰ ਵਿਵਿਧ ਮੋਜ਼ੈਕ ਨੂੰ ਸ਼ਾਮਲ ਅਤੇ ਉਸਦਾ ਸਹਿਯੋਗ ਕਰਦੇ ਹਾਂ, ਜਿਸ ਨਾਲ ਸਾਡਾ ਭਾਈਚਾਰਾ ਬਣਦਾ ਹੈ।"

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca